- ਵਿਸ਼ਵੀਕਰਨ ਤੋਂ ਤੁਹਾਡਾ ਕੀ ਭਾਵ ਹੈ? ਇਸ ਦੀਆਂ ਪ੍ਰਮੁੱਖ ਕਾਰਨਾਂ ਦਾ ਵਰਨਣ ਕਰੋ।

# • ਵਿਸ਼ਵੀਕਰਨ ਤੋਂ ਤੁਹਾਡਾ ਕੀ ਭਾਵ ਹੈ? ਇਸ ਦੀਆਂ ਪ੍ਰਮੁੱਖ ਕਾਰਨਾਂ ਦਾ ਵਰਨਣ ਕਰੋ।

- ਵਿਸ਼ਵੀਕਰਨ ਅਰਥ ਸ਼ਾਸਤਰ ਦੀ ਬਹੁਤ ਹੀ ਪ੍ਰਸਿੱਧ ਧਾਰਨਾ ਹੈ। ਇਸ ਧਾਰਨਾ ਨੂੰ ਵਰਤਮਾਨ ਸਮੇਂ ਵਿੱਚ ਉੱਤਰ: ਆਰਥਿਕ ਖੇਤਰ ਵਿੱਚ ਕ੍ਰਾਂਤੀ ਲਿਆਂਦੀ ਹੈ। ਵਿਸ਼ਵੀਕਰਨ ਦੀ ਧਾਰਾ ਨੇ ਬਹੁਤ ਦੇਸ਼ਾਂ ਦੀ ਅਰਥ-ਵਿਵਸਥਾ ਨੂੰ ਆਪਸ ਵਿੱਚ ਜੋੜ ਦਿੱਤਾ ਹੈ। ਵਿਸ਼ਵੀਕਰਨ ਦੀ ਧਾਰਨਾ ਨੇ ਅੰਤਰ-ਰਾਸ਼ਟਰੀ ਅਰਥ ਵਿਵਸਥਾ ਨੂੰ ਜਨਮ ਦਿੱਤਾ ਹੈ, ਪਰੰਤੂ ਬਹੁਤ ਸਾਰੇ ਅਰਥ ਸ਼ਾਸਤਰੀ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ ਕਿ ਵਿਸ਼ਵੀਕਰਨ ਦੀ ਧਾਰਾ ਨੇ ਕੁਝ ਦੇਸ਼ਾਂ ਦੀ ਅਰਥ-ਵਿਵਸਥਾ ਨੂੰ ਜੋੜ ਕੇ ਨਵੀਂ ਅੰਤਰ-ਰਾਸ਼ਟਰੀ ਅਰਥ-ਵਿਵਸਥਾ ਨੂੰ ਜਨਮ ਦਿੱਤਾ ਹੈ। ਇਸ ਦੇ ਉਲਟ ਵਿਸ਼ਵੀਕਰਨ ਤੇ ਵਿਸ਼ਵਾਸ ਰੱਖਣ ਵਾਲੇ ਵਿਚਾਰਕਾਂ ਦਾ ਮਤ ਹੈ ਕਿ ਵਿਸ਼ਵੀਕਰਨ ਨਾਲ ਕੁਝ ਦੇਸ਼ਾਂ ਦੀ ਅਰਥ-ਵਿਵਸਥਾ ਦਾ ਤਾਂ ਏਕੀਕਰਨ ਹੁੰਦਾ ਹੈ, ਪਰੰਤੂ ਕਿਸੇ ਵੀ ਨਵੀਂ ਅਰਥ ਵਿਵਸਥਾ ਦਾ ਜਨਮ ਨਹੀਂ ਹੁੰਦਾ। ਇਹ ਦੋਵੇਂ ਵਿਚਾਰ ਠੀਕ ਹਨ, ਪਰ ਜ਼ਿਆਦਾ ਢੁਕਵਾਂ ਇਹ ਲਗਦਾ ਹੈ ਕਿ ਕੁਝ ਦੇਸ਼ਾਂ ਦੀਆਂ ਅਰਥ-ਵਿਵਸਥਾਵਾਂ ਦੇ ਏਕੀਕਰਨ ਨਾਲ ਇਕ ਨਵੀਨ ਅੰਤਰ-ਰਾਸ਼ਟਰੀ ਅਰਥ-ਵਿਵਸਥਾ ਪੈਦਾ ਹੁੰਦੀ ਹੈ, ਜੋ ਉਹਨਾਂ ਦੇਸ਼ਾਂ ਦੀ ਆਦਰਸ਼ ਅਰਥ ਵਿਵਸਥਾ ਦੇ ਰੂਪ ਵਿੱਚ ਕੰਮ ਕਰਦੀ ਹੈ।

# ਵਿਸ਼ਵੀਕਰਨ ਦੀ ਧਾਰਨਾ ਨੂੰ ਜਨਮ ਦੇਣ ਵਾਲੇ ਕੁਝ ਕਾਰਨ ਹੇਠ ਲਿਖੇ ਹਨ: ਸ਼ੀਤ ਯੁੱਧ ਦਾ ਅੰਤ

1. ਸ਼ੀਤ ਯੁੱਧ ਦਾ ਅੰਤ (End of Cold War): ਦੂਜੀ ਸੰਸਾਰ ਜੰਗ ਮਗਰੋਂ ਸੰਸਾਰ ਦੀਆਂ ਦੋ ਮਹਾਸ਼ਕਤੀਆਂ1. ਵਿਚਕਾਰ ਸ਼ੀਤ ਯੁੱਧ ਸ਼ੁਰੂ ਹੋ ਗਿਆ। ਸ਼ੀਤ ਯੁੱਧ ਦਾ ਉਦੇਸ਼ ਦੋਹਾਂ ਮਹਾਂਸ਼ਕਤੀਆਂ ਦੁਆਰਾ ਆਪਣੀ-ਆਪਣੀ ਵਿਚਾਰਧਾਰਾ ਅਤੇ ਪ੍ਰਭਾਵ ਕਾਇਮ ਕਰਨਾ ਸੀ। 1990 ਮਗਰੋਂ ਸਾਮਵਾਦੀ ਵਿਚਾਰਧਾਰਾ ਦਾ ਪਤਨ ਹੋਣਾ ਜ਼ਰੂਰੀ ਹੋ ਗਿਆ ਅਤੇ ਸੋਵੀਅਤ ਬਲਾਕ ਦਾ ਅੰਤ ਹੋ ਗਿਆ। ਇਹਨਾਂ ਦੇਸ਼ਾਂ ਵਿੱਚ ਉਦਾਰਵਾਦੀ ਲੋਕਤੰਤਰੀ ਸ਼ਾਸਨ ਪ੍ਰਣਾਲੀਆਂ ਕਾਇਮ ਹੋਈਆਂ। ਇਸ ਤਰ੍ਹਾਂ ਦੋ ਧਰੁਵੀ ਪ੍ਰਣਾਲੀ ਦਾ ਅੰਤ ਹੋ ਕੇ ਇੱਕ ਧਰੁਵੀ ਪ੍ਰਣਾਲੀ ਹੋਂਦ ਵਿਚ ਆਈ। ਇਸ ਦੇ ਨਾਲ ਹੀ ਸ਼ੀਤ ਯੁੱਧ ਦਾ ਵੀ ਖ਼ਾਤਮਾ ਹੋ ਗਿਆ। ਸੰਸਾਰ ਦੇ ਲਗਭਗ ਸਾਰੇ ਦੇਸ਼ਾਂ ਨੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਪ੍ਰਵਾਨ ਕਰਕੇ ਅਪਣਾ ਲਿਆ ਅਤੇ ਵਿਸ਼ਵੀਕਰਨ ਦੀ ਪ੍ਰਕਿਰਿਆ ਦਾ ਆਰੰਭ ਹੋਇਆ।

# 2. ਸੋਵੀਅਤ ਸੰਘ ਦਾ ਵਿਘਟਨ

- ਸੋਵੀਅਤ ਸੰਘ ਦਾ ਵਿਘਟਨ (The Collapse of Soviet Uniion): ਸੋਵੀਅਤ ਸੰਘ ਨੇ ਅੰਤਰਰਾਸ਼ਟਰੀ ਰਾਜਨੀਤੀ ਵਿੱਚ ਅਨੇਕਾਂ ਪ੍ਰਵਿਰਤੀਆਂ ਨੂੰ ਜਨਮ ਦਿੱਤਾ ਅਤੇ ਅਨੇਕਾਂ ਪ੍ਰਚੱਲਿਤ ਪ੍ਰਵਿਰਤੀਆਂ ਦਾ ਅੰਤ ਹੋ ਗਿਆ। ਵਿਸ਼ਵੀਕਰਨ ਦੀ ਪ੍ਰਵਿਰਤੀ ਦਾ ਇੱਕ ਕਾਰਨ ਸੋਵੀਅਤ ਸੰਘ ਦਾ ਵਿਘਟਨ ਵੀ ਰਿਹਾ ਹੈ। ਇਸ ਦੇ ਅਧੀਨ ਸੋਵੀਅਤ ਸੰਘ ਸਮੇਤ ਪੂਰਬੀ ਯੂਰਪ ਦੇ ਅਨੇਕਾਂ ਦੇਸ਼ਾਂ ਨੇ ਪੱਛਮੀ ਆਰਥਿਕ ਬਣਤਰ ਪ੍ਰਤੀ ਭਾਵਾਂ ਨੂੰ ਪ੍ਰਵਾਨ ਕਰਕੇ ਵਿਸ਼ਵੀਕਰਨ ਦੀ ਪ੍ਰਵਿਰਤੀ ਨੂੰ ਜਨਮ ਦਿਤਾ।

# 3, ਪੂਰਬੀ ਯੂਰਪ ਵਿੱਚ ਸਾਮਵਾਦ ਦਾ ਅੰਤ

- (The Collapse of Communism in Eastern Europe): 1990 ਮਗਰੋਂ ਪੂਰਬੀ ਯੂਰਪ ਦੇ ਸਾਰੇ ਦੇਸ਼ਾਂ ਵਿੱਚ ਜਿਹਨਾਂ ਵਿਚੋਂ ਪੋਲੈਂਡ, ਰੁਮਾਨੀਆ, ਚੈਕੋਸਲੋਵਾਕੀਆ, ਯੁਗੋਸਲਾਵੀਆ, ਪੂਰਬੀ ਜਰਮਨੀ ਆਦਿ ਮੁੱਖ ਸਨ ਵਿੱਚ ਸਾਮਵਾਦ ਦਾ ਖਾਤਮਾ ਹੋ ਗਿਆ। ਇਸ ਨੇ ਯੂਰਪ ਦੇ ਆਰਥਿਕ ਏਕੀਕਰਨ ਨੂੰ ਜਨਮ ਦਿੱਤਾ।

# ਵਿਸ਼ਵੀਕਰਨ ਦੇ ਸਰੂਪ ਦੀ ਵਿਵੇਚਨਾ ਕਰੋ।

- ਵਿਸ਼ਵੀਕਰਨ ਦੀ ਵਰਤੋਂ ਕਦੋਂ ਤੇ ਕਿਸਨੇ ਅਤੇ ਇਸ ਸੰਦਰਭ ਵਿੱਚ ਕੀਤੀ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਵਿਚਾਰਕ ਵਿਸ਼ਵੀਕਰਨ ਨੂੰ ਉੱਨਾ ਹੀ ਪੁਰਾਤਨ ਮੰਨਦੇ ਹਨ ਜਿਨਾ ਕਿ ਮਨੁੱਖੀ ਸੱਭਿਅਤਾ ਹੈ, ਪਰੰਤੂ ਅਕਸਰ ਇਹ ਮੰਨਿਆ ਜਾਂਦਾ ਹੈ ਕਿ ਬਹਿਸ ਤੋਂ ਚਰਚਾ ਵਿਚ ਸੰਸਾਰੀਕਰਨ ਦੀ ਵਰਤੋਂ 1960 ਦੇ ਨੇੜੇ ਖੇਡ ਹੋਈ। 1970 ਦੇ ਦਹਾਕੇ ਵਿਚਕਾਰ ਅੰਤਰਰਾਸ਼ਟਰੀ ਰਾਜਨੀਤੀ ਦੀਆਂ ਪੁਸਤਕਾਂ ਵਿਚ ਇਸ ਦੀ ਵਰਤੋਂ ਕੀਤੀ ਜਾਣ ਲੱਗ ਪਈ। ਇਸ ਸ਼ਬਦ ਨੂੰ ਹਰਮਨ-ਪਿਆਰਤਾ ਸ਼ੀਤ ਯੁੱਧ ਦੀ ਸਮਾਪਤੀ ਅਤੇ ਸੋਵੀਅਤ ਸੰਘ ਦੇ ਵਿਘਟਨ ਅਤੇ ਪੂਰਬੀ ਯੂਰਪ ਦੇ ਸਾਮਵਾਦ ਦੇ ਪਤਨ ਮਗਰੋਂ ਪ੍ਰਾਪਤ ਹੋਈ। ਇਸ ਤੋਂ ਮਗਰੋਂ ਵਿਸ਼ਵੀਕਰਨ ਅੰਤਰਰਾਸ਼ਟਰੀ ਰਾਜਨੀਤੀ ਵਿੱਚ ਗਰਮਾ-ਗਰਮ ਬਹਿਸ ਦਾ ਵਿਸ਼ਾ ਬਣਿਆ।

# ਵਿਸ਼ਵੀਕਰਨ ਦੀ ਪਰਿਭਾਸ਼ਾ ਤੇ ਅਰਥ (Definition and Meaning of of Globalization)

1. ਐਡਵਰਡ ਐਸ, ਹਰਮਨ (Advered 5. Hemen) ਦੇ ਅਨੁਸਾਰ, "ਵਿਸ਼ਵੀਕਰਨ ਵੱਖ-ਵੱਖ ਰਾਸ਼ਟਰਾਂ ਦੀਆਂ ਸੀਮਾਵਾਂ ਦੇ ਆਰ-ਪਾਰ ਪ੍ਰਬੰਧਕੀ ਵਿਸਥਾਰ ਤੇ ਕਿਰਿਆਸ਼ੀਲ ਪ੍ਰਕਿਰਿਆ ਵੀ ਹੈ ਅਤੇ ਨਾਲ ਹੀ ਰਾਸ਼ਟਰੀ ਸੀਮਾਵਾਂ ਦੇ ਪਾਣ ਸਹੂਲਤਾਂ ਤੇ ਆਰਥਿਕ ਸੰਬੰਧਾਂ ਦੀ ਇੱਕ ਰਚਨਾ ਵੀ ਹੈ ਜਿਸ ਦਾ ਲਗਾਤਾਰ ਵਿਕਾਸ ਹੋ ਰਿਹਾ ਹੈ ਅਤੇ ਨਾਲ-ਨਾਲ ਤਬਦੀਲ ਵੀ ਹੋ ਰਿਹਾ ਹੈ।

# 2 ਰਿਚਰਡ ਫੋਕ

- “ਵਿਸ਼ਵੀਕਰਨ ਇੱਕ ਅਜਿਹੀ ਧਾਰਦਾ ਹੈ ਜੋ ਵਿਕਸਿਤ ਦੇਸ਼ਾਂ ਦੁਆਰਾ ਹੋਰਨਾਂ ਰਾਸ਼ਟਰਾਂ 'ਤੇ ਠੋਸੀ ਗਈ ਹੈ। ਇਸ ਵਿਸ਼ਵੀਕਰਨ ਦੀ ਪ੍ਰਕਿਰਿਆ ਕਾਰਨ ਸਾਰਾ ਸੰਸਾਰ ਇੱਕ ਸੰਸਾਰਕ ਪਿੰਡ ਵਿੱਚ ਤਬਦੀਲ ਹੋ ਗਿਆ ਹੈ। ਇਹ ਸੂਚਨਾ ਤਕਨੀਕ ਨਾਲ ਸੰਭਵ ਹੋਇਆ ਹੈ। ਇਸ ਲਈ, ਇਸ ਅਧਾਰ `ਤੇ ਇਹ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ ਸੰਸਾਰ ਦੇ ਸਾਰੇ ਭਾਵਾਂ ਦੇ ਰਹਿਣ ਵਾਲੇ ਲੋਕਾਂ ਦਰਮਿਆਨ ਸਮਾਜਿਕ, ਆਰਥਿਕ, ਉਦਯੋਗਿਕ ਤੇ ਵਪਾਰਕ ਸੰਬੰਧਾਂ ਦੇ ਵਿਕਸਿਤ ਕਰਨ ਦੀ ਵਿਆਪਕ ਪ੍ਰਕਿਰਿਆ ਹੈ। ਚੈਨਲਿਸ ਅਤੇ ਸਮਿੱਥ ਨੇ ਵਿਸ਼ਵੀਕਰਨ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਵਿਸ਼ਵੀਕਰਨ ਇੱਕ ਅਜਿਹੀ ਪ੍ਰਕਿਰਿਆ ਜਿਸ ਵਿੱਚ ਸਮਾਜਿਕ ਸੰਬੰਧ ਨਿਸਬਤਨ ਦੂਰੀ ਰਹਿਤ ਅਤੇ ਸੀਮਾ ਰਹਿਤ ਬਣ ਜਾਂਦੇ ਹਨ।